# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ ਨੰ: 3296

## ਹੁਕਮ

ਜਿਵੇਂ ਕਿ ਇਸ ਦਫਤਰ ਵਲੋਂ ਕਰੋਨਾ ਵਾਇਰਸ ਦੇ ਸੰਕਰਮਣ ਦੀ ਲੜੀ ਤੋੜਣ ਲਈ ਸੀ.ਆਰ.ਪੀ.ਸੀ 1973 ਦੀ ਧਾਰਾ 144 ਅਧੀਨ ਜਿਲ੍ਹਾ ਪਠਾਨਕੋਟ ਅੰਦਰ ਹੁਕਮ ਨੰ: ਐਮ.ਏ/ 1710-57, ਮਿਤੀ 23 ਮਾਰਚ, 2020 ਰਾਹੀਂ ਕਰਫਿਊ ਦਾ ਹੁਕਮ ਜਾਰੀ ਕੀਤਾ ਗਿਆ ਸੀ।

ਜਦੋਂਕਿ ਗ੍ਰਹਿ ਮਾਮਲੇ ਵਿਭਾਗ, ਭਾਰਤ ਸਰਕਾਰ ਵਲੋਂ ਆਪਣੇ ਹੁਕਮ ਨੰ: 40-3/2020-DM-I(A), ਮਿਤੀ 30.05.2020 ਅਤੇ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵਲੋਂ ਆਪਣੇ ਪੱਤਰ ਨੰ: ਨੰ:SS/ACSH/2020/456, ਮਿਤੀ 31.05.2020 ਰਾਹੀਂ ਸਮੇਤ Annexure-1 (ਕਾਪੀ ਨੱਥੀ) ਲਾਕਡਾਊਨ 5.0/ ਅਨਲੌਕ 01 ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਇਹਨਾਂ ਹਦਾਇਤਾਂ/ਦਿਸ਼ਾਂ-ਨਿਰਦੇਸ਼ਾਂ ਦੇ ਸਨਮੁੱਖ ਇਸ ਦਫਤਰ ਵਲੋਂ ਆਪਣੇ ਹੁਕਮ ਪੱਤਰ ਨੰ: 3224, ਪਿੱਠ ਅੰਕਣ ਨੰ:ਐਮ.ਏ/ 3225-50, ਮਿਤੀ 02.06.2020 ਰਾਹੀਂ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਇਹ ਹਦਾਇਤਾਂ ਤੁਰੰਤ ਪ੍ਰਭਾਵ ਤੋਂ ਲਾਗੂ ਕਰਦੇ ਹੋਏ ਮਿਤੀ 30.06.2020 ਤੱਕ ਲਾਕਡਾਊਨ ਅਤੇ ਰਾਤ 09:00 ਵਜੇ ਤੋਂ ਲੈ ਕੇ ਸਵੇਰੇ 05:00 ਵਜੇ ਤੱਕ ਰਾਤ ਦਾ ਕਰਫਿਊ ਜਾਰੀ ਕਰਦੇ ਹੋਏ ਕੁਝ ਛੋਟਾਂ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

ਕਿਉਂਜੋ ਹੁਣ ਭਾਰਤ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਨਵੀਂ ਦਿੱਲੀ ਵਲੋਂ ਆਪਣੇ ਹੁਕਮ ਨੰ: Z.28015/19/2020-EMR(Pt.), ਮਿਤੀ 04.06.2020 ਰਾਹੀਂ ਕੁਝ ਥਾਵਾਂ ਨੂੰ ਖੋਲ੍ਹਣ ਸਬੰਧੀ ਐਸ.ਓ.ਪੀ (SOPs) ਜਾਰੀ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਚੰਡੀਗੜ੍ਹ ਵਲੋਂ ਆਪਣੇ ਪੱਤਰ ਨੰ: SS/ACSH/2020/470, ਮਿਤੀ 06.06.2020 ਰਾਹੀਂ ਇਹਨਾਂ ਐਸ.ਓ.ਪੀ (SOPs) ਦੀ ਪਾਲਣਾ ਕਰਨ ਸਬੰਧੀ ਹਦਾਇਤਾਂ ਜਾਰੀ ਹੋਈਆਂ ਹਨ। ਇਸ ਲਈ ਇਸ ਦਫਤਰ ਵਲੋਂ ਉਕਤ ਜਾਰੀ ਕੀਤੇ ਗਏ ਹੁਕਮ ਮਿਤੀ 02.06.2020 ਦੀ ਲਗਾਤਾਰਤਾ ਵਿੱਚ ਹੁਣ ਸੂਬਾ ਸਰਕਾਰ ਵਲੋਂ ਉਕਤ ਹਦਾਇਤਾਂ ਦੀ ਪਾਲਣਾ ਹਿੱਤ ਮੈਂ ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਪਠਾਨਕੋਟ, ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਸ਼ਾਪਿੰਗ ਮਾੱਲਜ਼, ਰੈਸਟੋਰੈਂਟ, ਹੋਟਲ ਅਤੇ ਹੋਰ ਪ੍ਰਾਹੁਣਾਚਾਰੀ ਯੂਨਿਟ ਅਤੇ ਧਾਰਮਿਕ ਸਥਾਨਾਂ ਨੂੰ ਮਿਤੀ 08.06.2020 ਤੋਂ ਖੋਲ੍ਹਣ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੰਦਾ ਹਾਂ, ਜਿਹਨਾਂ ਦੀ ਪਾਲਣਾ ਸਬੰਧਤਾਂ ਵਲੋਂ ਕੀਤੀ ਜਾਣੀ ਯਕੀਨੀ ਬਣਾਈ ਜਾਵੇਗੀ:-

1) ਸ਼ਾਪਿੰਗ ਮਾੱਲਜ਼ ਨੂੰ ਖੋਲ੍ਹਣ ਸਬੰਧੀ:-

i) ਸ਼ਾਪਿੰਗ ਮਾੱਲ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਦੇ ਮੋਬਾਇਲ ਫੋਨ ਵਿੱਚ ਕੋਵਾ ਐਪ ਹੋਣੀ ਲਾਜ਼ਮੀ ਹੈ, ਪਰ ਕਿਸੇ ਪਰਿਵਾਰ ਵਲੋਂ ਸ਼ਾਪਿਮ ਮਾੱਲ ਵਿੱਚ ਦਾਖਲ ਹੋਣ ਸਮੇਂ ਪਰਿਵਾਰ ਦੇ ਕਿਸੇ ਇੱਕ ਮੈਂਬਰ ਦੇ ਮੋਬਾਇਲ ਫੋਨ ਵਿੱਚ ਕੋਵਾ ਐਪ ਹੋਣੀ ਲਾਜ਼ਮੀ ਹੈ। ਸ਼ਾਪਿੰਗ ਮਾੱਲ ਵਿੱਚ ਬਿਨਾਂ ਵਜ੍ਹਾ ਇੱਧਰ-ਉੱਧਰ ਘੁੰਮਣ-ਫਿਰਨ/ਟਹਿਲਣ ਦੀ ਮਨਾਹੀ ਹੋਵੇਗੀ।

ii) ਸ਼ਾਪਿੰਗ ਮਾੱਲ ਵਿੱਚ ਐਂਟਰੀ ਟੋਕਨ ਸਿਸਟਮ ਰਾਹੀਂ ਮਾੱਲ ਦੀ ਸਮਰੱਥਾ ਅਨੁਸਾਰ ਹੋਵੇਗੀ। ਆਦਰਸ਼ ਤੌਰ ਤੇ ਸ਼ਾਪਿੰਗ ਮਾੱਲ ਵਿੱਚ ਦਾਖਲ ਹੋਣ ਵਾਲੇ ਵਿਅਕਤੀ/ ਵਿਅਕਤੀਆਂ ਦੇ ਸਮੂਹ ਲਈ ਸ਼ਾਪਿੰਗ ਮਾੱਲ ਵਿੱਚ ਰਹਿਣ ਦੀ ਅਧਿਕਤਮ ਸਮਾਂ ਸੀਮਾਂ ਵੀ ਸਬੰਧਤ ਅਥਾਰਟੀ ਵਲੋਂ ਲਾਗੂ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

iii) ਮਾੱਲ ਦੀ ਹਰੇਕ ਦੁਕਾਨ ਵਿੱਚ ਆਗਿਆ ਪ੍ਰਾਪਤ ਵਿਅਕਤੀਆਂ ਦੀ ਵੱਧ ਤੋਂ ਵੱਧ ਸਮਰੱਥਾ 06 ਫੁੱਟ ਦੀ ਦੂਰੀ ਦੇ ਰੱਖ-ਰਖਾਵ ਦੇ ਆਧਾਰ ਤੇ ਨਿਰਧਾਰਤ ਕੀਤੀ ਜਾਵੇਗੀ, ਭਾਵ ਦੁਕਾਨ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਲਈ 10×10 ਦਾ ਖੇਤਰਫਲ ਹੋਵੇਗਾ। ਸ਼ਾਪਿੰਗ ਮਾੱਲ ਦੇ ਸਾਂਝੇ ਸਥਾਨ ਤੇ ਇਹ ਸੀਮਾ ਆਮ ਨਾਲੋਂ 25% ਵੱਧ ਕਰਨ ਦੀ ਇਜ਼ਾਜਤ ਹੋਵੇਗੀ।

iv) ਹਰੇਕ ਪ੍ਰਬੰਧਕ/ਮਾਲਕ ਆਪਣੇ ਮਾੱਲ ਅਤੇ ਦੁਕਾਨ ਦੇ ਬਾਹਰ ਉਸ ਦੀ ਜਨਤਕ ਸਮਰੱਥਾ (public capacity ਦਰਸਾਏਗਾ ਅਤੇ ਕਿਸੇ ਵੀ ਸਮੇਂ ਉਸ ਸਮਰੱਥਾ ਤੋਂ 50% ਤੋਂ ਵੱਧ ਵਿਅਕਤੀਆਂ ਨੂੰ ਮਾੱਲ ਅਤੇ ਦੁਕਾਨ ਵਿੱਚ ਦਾਖਲ/ਮੌਜੂਦ ਰਹਿਣ ਦੀ ਆਗਿਆ ਨਹੀਂ ਹੋਵੇਗੀ।

v) ਹਰੇਕ ਦੁਕਾਨ ਦੇ ਅੰਦਰ ਦਾਖਲ ਹੋਣ ਵਾਲਿਆਂ/ਇੰਤਜ਼ਾਰ ਕਰਨ ਵਾਲਿਆਂ ਲਈ ਸਮਾਜਿਕ ਦੂਰੀ ਬਣਾਏ ਰੱਖਣ ਲਈ ਮਾਰਕਰ ਹੋਣੇ ਲਾਜ਼ਮੀ ਹਨ।

vi) ਅੰਗਹੀਣ ਵਿਅਕਤੀਆਂ ਅਤੇ ਮੈਡੀਕਲ ਐਮਰਜੈਂਸੀ ਤੋਂ ਇਲਾਵਾ ਹੋਰ ਕਿਸੇ ਵੀ ਵਿਅਕਤੀ ਲਈ ਲਿਫਟ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਸਮਾਜਿਕ ਦੂਰੀ ਬਣਾ ਕੇ Escalators ਵਰਤਣ ਦੀ ਆਗਿਆ ਹੋਵੇਗੀ।

vii) ਕੱਪੜੇ/ ਉਪਕਰਨਾਂ ਦੇ Trial ਦੀ ਆਗਿਆ ਨਹੀਂ ਹੋਵੇਗੀ।

viii) ਸਿਹਤ ਵਿਭਾਗ ਦੇ ਕਰਮਚਾਰੀਆਂ ਵਲੋਂ ਰੋਜਾਨਾਂ ਮਾੱਲ ਦੀ ਦੁਕਾਨਾਂ ਵਿੱਚ ਕੰਮ ਕਰ ਰਹੇ ਕਰਿੰਦਿਆਂ/ਕਰਮਚਾਰੀਆਂ ਦਾ ਮੈਡੀਕਲ ਚੈਕਅਪ ਕੀਤਾ ਜਾਵੇਗਾ।

ix) Take away/ home-delivery ਤੋਂ ਇਲਾਵਾ ਮਾੱਲ ਵਿੱਚ ਮੌਜੂਦ ਹਰੇਕ ਰੈਸਟੋਰੈਂਟ/ਫੂਡ ਕੋਰਟ ਹੋਰ ਕੋਈ ਸਰਵਿਸ ਨਹੀਂ ਕਰੇਗਾ।

x) ਹਰੇਕ ਵਿਅਕਤੀ ਦੀ ਐਂਟਰੀ ਸਮੇਂ ਥਰਮਲ ਸਕਰੀਨਿੰਗ ਦਾ ਪ੍ਰਬੰਧ ਕੀਤਾ ਜਾਵੇ ਅਤੇ ਕੋਵਿਡ-19 ਦੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਦਾਖਲ ਹੋਣ ਦੀ ਸਖਤ ਮਨਾਹੀ ਹੈ ਅਤੇ ਬਿਨਾਂ ਮਾਸਕ ਪਹਿਨੇ ਕਿਸੇ ਵੀ ਵਿਅਕਤੀ ਦੀ ਐਂਟਰੀ ਸ਼ਾਪਿੰਗ ਮਾੱਲ ਵਿੱਚ ਨਾ ਹੋਣ ਦਿੱਤੀ ਜਾਵੇ।

xi) ਇਹਨਾਂ ਥਾਵਾਂ ਵਾਲੇ ਪ੍ਰਬੰਧਕਾਂ/ਮਾਲਕਾਂ ਵਲੋਂ ਆਪਣੇ ਪੱਧਰ ਤੇ ਹੈਂਡ ਸੈਨੀਟਾਈਜੇਸ਼ਨ, ਸਮਾਜਿਕ ਦੂਰੀ ਅਤੇ ਮਾਸਕ ਪਹਿਨਣ ਸਬੰਧੀ ਪ੍ਰਬੰਧ ਕੀਤੇ ਜਾਣਗੇ।

2) **<u>ਰੈਸਟੋਰੈਂਟ ਖੋਲ੍ਹਣ ਸਬੰਧੀ:-</u>**

i) ਰੈਸਟੋਰੈਂਟਸ ਨੂੰ ਹੁਣ ਤੋਂ ਹੀ Take away ਅਤੇ home-delivery ਕਰਨ ਦੀ ਆਗਿਆ ਹੋਵੇਗੀ। ਅਗਲੇ ਹੁਕਮਾਂ ਤੱਕ ਕੋਈ ਵੀ 'dine-in' ਸਰਵਿਸ ਨਹੀਂ ਹੋਵੇਗੀ। ਹੋਮ ਡਿਲਵਰੀ ਰਾਤ 08:00 ਵਜੇ ਤੱਕ ਕੀਤੀ ਜਾ ਸਕਦੀ ਹੈ।

ii) ਹੋਮ ਡਿਲਵਰੀ ਕਰਨ ਵਾਲੇ ਸਟਾਫ ਨੂੰ ਹੋਮ ਡਿਲਵਰੀ ਦੀ ਆਗਿਆ ਦੇਣ ਤੋਂ ਪਹਿਲਾਂ ਰੈਸਟੋਰੈਂਟ ਅਥਾਰਟੀ ਵਲੋਂ ਉਹਨਾਂ ਦੀ ਥਰਮਲ ਸਕਰੀਨਿੰਗ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

iii) ਰੈਸਟੋਰੈਂਟ ਵਿੱਚ ਐਂਟਰੀ ਸਮੇਂ ਹਰੇਕ ਵਿਅਕਤੀ/ਗੈਸਟ ਦੀ ਥਰਮਲ ਸਕਰੀਨਿੰਗ ਦਾ ਪ੍ਰਬੰਧ ਕੀਤਾ ਜਾਵੇ ਅਤੇ ਕੋਵਿਡ-19 ਦੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਦਾਖਲ ਹੋਣ ਦੀ ਸਖਤ ਮਨਾਹੀ ਹੈ ਅਤੇ ਬਿਨਾਂ ਮਾਸਕ ਪਹਿਨੇ ਕਿਸੇ ਵੀ ਵਿਅਕਤੀ ਦੀ ਰੈਸਟੋਰੈਂਟ ਵਿੱਚ ਐਂਟਰੀ ਨਾ ਹੋਣ ਦਿੱਤੀ ਜਾਵੇ।

iv) ਇਹਨਾਂ ਥਾਵਾਂ ਵਾਲੇ ਪ੍ਰਬੰਧਕਾਂ/ਮਾਲਕਾਂ ਵਲੋਂ ਆਪਣੇ ਪੱਧਰ ਤੇ ਹੈਂਡ ਸੈਨੀਟਾਈਜੇਸ਼ਨ, ਸਮਾਜਿਕ ਦੂਰੀ ਅਤੇ ਮਾਸਕ ਪਹਿਨਣ ਸਬੰਧੀ ਪ੍ਰਬੰਧ ਕੀਤੇ ਜਾਣਗੇ।

3) **<u>ਹੋਟਲ ਅਤੇ ਹੋਰ ਪ੍ਰਾਹੁਣਾਚਾਰੀ ਯੂਨਿਟ:-</u>**

i) ਹੋਟਲ ਰੈਸਟੋਰੈਂਟ ਬੰਦ ਰਹਿਣਗੇ, ਕੇਵਲ ਹੋਟਲ ਵਿੱਚ ਰਹਿ ਰਹੇ ਮਹਿਮਾਨ ਲਈ ਖਾਣੇ ਦੀ ਸਰਵਿਸ ਕੀਤੀ ਜਾਵੇਗੀ। ਸਬੰਧਤ ਅਥਾਰਟੀ ਵਲੋਂ ਖਾਣੇ ਬਣਾਉਣ ਅਤੇ ਸਰਵ ਕਰਨ ਵਾਲੇ ਸਟਾਫ ਦੀ ਥਰਮਲ ਸਕਰੀਨਿੰਗ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ii) ਰਾਤ ਦਾ ਕਰਫਿਊ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ, ਕੇਵਲ ਸਵੇਰੇ 05:00 ਵਜੇ ਤੋਂ ਰਾਤ 09:00 ਵਜੇ ਤੱਕ ਵਿਅਕਤੀਆਂ ਦੀ ਆਵਾਜਾਈ ਦੀ ਆਗਿਆ ਹੋਵੇਗੀ।

iii) ਹਾਲਾਂਕਿ, ਹੋਟਲ ਵਿੱਚ ਰਹਿ ਰਹੇ ਮਹਿਮਾਨਾਂ ਨੂੰ ਉਹਨਾਂ ਦੀ ਹਵਾਈ ਯਾਤਰਾ/ਰੇਲ ਦੀ ਯਾਤਰਾ ਦੇ ਸ਼ਡਿਊਲ ਮੁਤਾਬਿਕ ਰਾਤ 09:00 ਵਜੇ ਤੋਂ ਸਵੇਰੇ 05:00 ਵਜੇ ਦੇ ਵਿਚਕਾਰ ਦਾਖਲ ਹੋਣ ਅਤੇ ਹੋਟਲ ਛੱਡਣ ਦੀ ਆਗਿਆ ਹੋਵੇਗੀ। ਹਵਾਈ/ ਰੇਲ ਦੀ ਟਿਕਟ ਦੀ ਵਰਤੋਂ ਇੱਕ ਵਾਰੀ ਹੋਟਲ ਵਿੱਚ ਆਉਣ ਅਤੇ ਜਾਣ ਲਈ ਕਰਫਿਊ ਸਮੇਂ ਦੌਰਾਨ (ਰਾਤ 09:00 ਵਜੇ ਤੋਂ ਸਵੇਰੇ 05:00 ਵਜੇ ਤੱਕ) ਕਰਫਿਊ ਪਾਸ ਵਜੋਂ ਕੀਤੀ ਜਾ ਸਕਦੀ ਹੈ।

iv) ਹੋਟਲ ਵਿੱਚ ਦਾਖਲ ਹੋਣ ਵਾਲੇ ਹਰ ਵਿਅਕਤੀ ਦੀ ਐਂਟਰੀ ਸਮੇਂ ਥਰਮਲ ਸਕਰੀਨਿੰਗ ਦਾ ਪ੍ਰਬੰਧ ਕੀਤਾ ਜਾਵੇ ਅਤੇ ਕੋਵਿਡ-19 ਦੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਦਾਖਲ ਹੋਣ ਦੀ ਸਖਤ ਮਨਾਹੀ ਹੈ ਅਤੇ ਬਿਨਾਂ ਮਾਸਕ ਪਹਿਨੇ ਕਿਸੇ ਵੀ ਵਿਅਕਤੀ ਦੀ ਐਂਟਰੀ ਹੋਟਲ ਵਿੱਚ ਨਾ ਹੋਣ ਦਿੱਤੀ ਜਾਵੇ।

v) ਇਹਨਾਂ ਥਾਵਾਂ ਵਾਲੇ ਪ੍ਰਬੰਧਕਾਂ/ਮਾਲਕਾਂ ਵਲੋਂ ਆਪਣੇ ਪੱਧਰ ਤੇ ਹੈਂਡ ਸੈਨੀਟਾਈਜੇਸ਼ਨ, ਸਮਾਜਿਕ ਦੂਰੀ ਅਤੇ ਮਾਸਕ ਪਹਿਨਣ ਸਬੰਧੀ ਪ੍ਰਬੰਧ ਕੀਤੇ ਜਾਣਗੇ।

4) **<u>ਧਾਰਮਿਕ ਸਥਾਨਾਂ ਦੇ ਖੋਲ੍ਹਣ ਸਬੰਧੀ:-</u>**

i) ਧਾਰਮਿਕ ਸਥਾਨ ਕੇਵਲ ਸਵੇਰੇ 05:00 ਵਜੇ ਤੋਂ ਰਾਤ 08:00 ਵਜੇ ਤੱਕ ਖੁੱਲ੍ਹੇ ਰਹਿ ਸਕਣਗੇ।

ii) ਧਾਰਮਿਕ ਸਥਾਨ ਤੇ ਪੂਜਾ/ਆਰਤੀ ਦੇ ਸਮੇਂ ਸਮਾਜਿਕ ਦੂਰੀ ਨਾਲ ਵੱਧ ਤੋਂ ਵੱਧ 20 ਵਿਅਕਤੀ ਤੋਂ ਜਿਆਦਾ ਵਿਅਕਤੀ ਮੌਜੂਦ ਨਹੀਂ ਹੋਣੇ ਚਾਹੀਦੇ। ਇਸ ਲਈ ਪੂਜਾ/ਆਰਤੀ ਦਾ ਸਮਾਂ ਛੋਟੇ-ਛੋਟੇ ਗੁਰੱਪਾਂ/ਹਿੱਸਿਆਂ ਵਿੱਚ ਵੰਡਿਆਂ ਹੋਣਾ ਚਾਹੀਦਾ ਹੈ।

iii) ਧਾਰਮਿਕ ਸਥਾਨ ਤੇ ਲੋਕਾਂ ਦੀ ਐਂਟਰੀ ਸਮੇਂ ਥਰਮਲ ਸਕਰੀਨਿੰਗ ਦਾ ਪ੍ਰਬੰਧ ਕੀਤਾ ਜਾਵੇ ਅਤੇ ਕੋਵਿਡ-19 ਦੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਦਾਖਲ ਹੋਣ ਦੀ ਸਖਤ ਮਨਾਹੀ ਹੈ ਅਤੇ ਬਿਨਾਂ ਮਾਸਕ ਪਹਿਨੇ ਕਿਸੇ ਵੀ ਵਿਅਕਤੀ ਨੂੰ ਧਾਰਮਿਕ ਸਥਾਨ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ।

iv) ਇਹਨਾਂ ਸਥਾਨਾਂ ਦੇ ਪ੍ਰਬੰਧਕਾਂ ਦੁਆਰਾ ਸਿਹਤ ਵਿਭਾਗ ਵਲੋਂ ਕੋਵਿਡ-19 ਸਬੰਧੀ ਪਹਿਲਾਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੰਬੇ ਸਮੇਂ ਤੋਂ ਬੀਮਾਰ, 65 ਸਾਲ ਦੀ ਉਮਰ ਤੋਂ ਜਿਆਦਾ ਬਜੁਰਗ, 10 ਸਾਲ ਦੀ ਉਮਰ ਤੋਂ ਘੱਟ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਨੂੰ ਅਜਿਹੀਆਂ ਥਾਵਾਂ ਤੇ ਆਉਣ ਤੋਂ ਗੁਰੇਜ਼ ਕਰਨ ਦਾ ਸੁਝਾਅ ਦਿੱਤਾ ਜਾਵੇ।

v) ਇਹਨਾਂ ਥਾਵਾਂ ਵਾਲੇ ਪ੍ਰਬੰਧਕਾਂ/ਮਾਲਕਾਂ ਵਲੋਂ ਆਪਣੇ ਪੱਧਰ ਤੇ ਹੈਂਡ ਸੈਨੀਟਾਈਜੇਸ਼ਨ, ਸਮਾਜਿਕ ਦੂਰੀ ਅਤੇ ਮਾਸਕ ਪਹਿਨਣ ਸਬੰਧੀ ਪ੍ਰਬੰਧ ਕੀਤੇ ਜਾਣਗੇ।

vi) ਪ੍ਰਸ਼ਾਦ, ਚਰਨਾਮ੍ਰਿਤ, ਭੋਜਨ ਅਤੇ ਲੰਗਰ ਆਦਿ ਵੰਡਣ ਤੇ ਮਨਾਹੀ ਹੋਵੇਗੀ।

5) **ਦੁਕਾਨਾਂ ਦੇ ਖੋਲ੍ਹਣ ਸਬੰਧੀ:-**

i) ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਪਹਿਲਾਂ ਨਗਰ ਨਿਗਮ/ਨਗਰ ਕੌਂਸਲ ਦੀ ਹਦੂਦ ਅੰਦਰ ਸ਼ਹਿਰੀ ਖੇਤਰ ਵਿੱਚ ਆਉਂਦੀਆਂ ਦੁਕਾਨਾਂ ਦਾ ਸਮਾਂ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਦਾ ਸੀ, **ਉਹ ਸਮਾਂ ਹੁਣ ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ ਦਾ ਹੋਵੇਗਾ ਅਤੇ ਜਿਲ੍ਹਾ ਪਠਾਨਕੋਟ ਅੰਦਰ ਪੈਂਦੀਆਂ ਸਾਰੀਆਂ ਦੁਕਾਨਾਂ (ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ) ਹਰੇਕ ਐਤਵਾਰ ਵਾਲੇ ਦਿਨ ਬੰਦ ਰਹਿਣਗੀਆਂ।**

6) ਉਪਰੋਕਤ ਸਾਰੀਆਂ ਜਨਤਕ ਥਾਵਾਂ ਤੇ ਏਅਰ ਕੰਡੀਸ਼ਨਿੰਗ ਦਾ ਤਾਪਮਾਨ 24 ਤੋਂ 30 ਡਿਗਰੀ ਸੈਲਸੀਅਸ ਅਤੇ ਨਮੀ 40 ਤੋਂ 70% ਵਿਚਕਾਰ ਮੇਨਟੇਨ ਕਰਨ ਦੀ ਕੋਸ਼ਿਸ਼ ਕੀਤੀ ਜਾਵ ਅਤੇ ਹਵਾ ਦੀ ਵੈਂਟੀਲੇਸ਼ਨ ਸਬੰਧੀ ਯੋਗ ਪ੍ਰਬੰਧ ਕੀਤੇ ਜਾਣ।

7) ਉਕਤ ਸਬੰਧੀ ਭਾਰਤ ਸਰਕਾਰ ਵਲੋਂ ਜਾਰੀ SOPs ਜੋ ਕਿ **Pathankot.nic.in** ਤੇ ਉਪਲਬਧ ਹਨ, ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

8) ਇਹਨਾਂ ਥਾਵਾਂ ਤੇ ਭੀੜ ਆਦਿ ਇਕੱਠੀ ਹੋਣ ਤੇ ਸਖਤ ਮਨਾਹੀ ਹੈ। ਸਬੰਧਤ ਅਥਾਰਟੀ ਵਲੋਂ ਭੀੜ ਆਦਿ ਤੇ ਕੰਟਰੋਲ ਕਰਨ ਲਈ ਆਪਣੇ ਪੱਧਰ ਤੇ ਲੋੜੀਂਦੇ ਪ੍ਰਬੰਧ ਕੀਤੇ ਜਾਣ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਤਰ੍ਹਾਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ਐਸ.ਓ.ਪੀਜ਼ ਦੀ ਉਲੰਘਣਾ ਨਾ ਕੀਤੀ ਜਾਵੇ। **ਜੇਕਰ ਕਿਸੇ ਵਿਅਕਤੀ/ਸੰਸਥਾਂ ਵਲੋਂ ਉਕਤ ਹਦਾਇਤਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਉਹ ਡਿਜਾਸਟਰ ਮੈਨੇਜਮੈਂਟ ਐਕਟ, 2005 ਦੀ ਧਾਰਾ 51 ਤੋਂ 60 ਤਹਿਤ ਸਜ਼ਾ ਦਾ ਭਾਗੀਦਾਰ ਹੋਵੇਗਾ ਅਤੇ ਉਸ ਵਿਰੁੱਧ ਆਈ.ਪੀ.ਸੀ ਦੀ ਧਾਰਾ 188 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।**

DISTRICT MAGISTRATE PATHANKOT

ਮਿਤੀ: 07.06.2020

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ/ 3297- 3322 ਮਿਤੀ: 07/6/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
5) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6) ਵਧੀਕ ਡਿਪਟੀ ਕਮਿਸ਼ਨਰ (ਜ/ਵਿ), ਪਠਾਨਕੋਟ।
7) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲਾਂ।

8) ਸਹਾਇਕ ਕਮਿਸ਼ਨਰ (ਜਨਰਲ/ਸ਼ਿਕਾਇਤਾਂ), ਪਠਾਨਕੋਟ।

9) ਸਿਵਲ ਸਰਜਨ, ਪਠਾਨਕੋਟ।

10) ਜਿਲ੍ਹਾ ਮਾਲ ਅਫਸਰ, ਪਠਾਨਕੋਟ।

11) ਤਹਿਸੀਲਦਾਰ, ਪਠਾਨਕੋਟ/ਧਾਰਕਲਾਂ।

12) ਜਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ ਨੂੰ ਜਨਤਕ ਸੂਚਨਾ ਹਿੱਤ।

13) ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।

14) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।

15) ਜਿਲ੍ਹਾ ਮੰਡੀ ਅਫਸਰ, ਪਠਾਨਕੋਟ।

16) ਸਕੱਤਰ, ਮਾਰਕਿਟ ਕਮੇਟੀ, ਪਠਾਨਕੋਟ/ਨਰੋਟ ਜੈਮਲ ਸਿੰਘ।

17) ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਪਠਾਨਕੋਟ।

18) ਕਾਰਜ ਸਾਧਕ ਅਸਫਰ, ਨਗਰ ਕੌਂਸਲ, ਸੁਜਾਨਪੁਰ।

19) ਸਮੂਹ ਵਿਭਾਗਾਂ ਦੇ ਮੁਖੀ, ਜਿਲ੍ਹਾ ਪਠਾਨਕੋਟ।

20) ਸਮੂਹ ਸਪੈਸ਼ਲ ਡਿਊਟੀ ਮੈਜਿਸਟਰੇਟ, ਜਿਲ੍ਹਾ ਪਠਾਨਕੋਟ।

21) ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ ਨੂੰ ਰਿਕਾਰਡ ਹਿੱਤ।

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE PATHANKOT